Class-7 Tender Heart High School Ramandeep Kaur

24. **ਘੇਸ ਮਾਰ ਕੇ ਪਏ ਰਹਿਣਾ** (ਗੱਲ ਅਣਸੁਣੀ ਕਰ ਦੇਣੀ, ਧਿਆਨ ਨਾ ਦੇਣਾ) : ਰਮਨ ਦੀ ਮਾਂ ਨੇ ਉਸ ਨੂੰ ਬਜ਼ਾਰੋਂ ਸਮਾਨ ਲਿਆਉਣ ਲਈ ਕਿਹਾ ਪਰ ਉਹ ਕੁਝ ਨਹੀਂ ਬੋਲਿਆ ਤੇ ਘੇਸ ਮਾਰ ਕੇ ਪਿਆ ਰਿਹਾ।

25. **ਚੰਗੀ-ਮੰਦੀ ਸੁਣਨਾ** (ਨਿੰਦਾ-ਚੁਗਲੀ ਸੁਣਨਾ) : ਸਾਨੂੰ ਕਦੇ ਵੀ ਕਿਸੇ ਦੀ ਚੰਗੀ-ਮੰਦੀ ਨਹੀਂ ਸੁਣਨੀ ਚਾਹੀਦੀ।

26. **ਚਿੜੀ ਨਾ ਫੜਕਣਾ** (ਚੁੱਪ-ਚਾਪ ਜਾਂ ਸ਼ਾਂਤੀ ਹੋਣੀ) : ਕਰਫ਼ਿਊ ਵੇਲ਼ੇ ਬਜ਼ਾਰਾਂ ਵਿੱਚ ਚਿੜੀ ਨਹੀਂ ਫੜਕਦੀ।

27. **ਚੋਭ ਮਾਰਨੀ** (ਦਿਲ ਦੁਖੀ ਕਰਨਾ, ਦਿਲ ਦੁਖਾਉਣ ਵਾਲ਼ੀ ਗੱਲ ਕਹਿਣੀ) : ਕਦੇ ਵੀ ਕਿਸੇ ਨੂੰ ਚੋਭ ਨਾ ਮਾਰੋ।

28. **ਛਿੱਕੇ 'ਤੇ ਟੰਗਣਾ** (ਪਰਵਾਹ ਨਾ ਹੋਣੀ) : ਉਸ ਨੇ ਤਾਂ ਇੱਜ਼ਤ ਨੂੰ ਛਿੱਕੇ 'ਤੇ ਟੰਗ ਦਿੱਤਾ ਹੈ। ਜੋ ਦਿਲ ਕਰਦਾ ਹੈ ਕਰਦਾ ਰਹਿੰਦਾ ਹੈ।

29. **ਜ਼ਬਾਨ ਨੂੰ ਲਗਾਮ ਦੇਣਾ** (ਸੋਚ-ਸਮਝ ਕੇ ਬੋਲਣਾ) : ਅਕਲਮੰਦ ਲੋਕ ਜ਼ਬਾਨ ਨੂੰ ਲਗਾਮ ਦੇਣ ਵਿੱਚ ਵਿਸ਼ਵਾਸ ਰੱਖਦੇ ਹਨ।

30. **ਝੋਲੀ ਅੱਡਣਾ** (ਭਿੱਖਿਆ ਮੰਗਣੀ) : ਝੋਲੀ ਅੱਡਣ ਨਾਲ਼ੋਂ ਮਿਹਨਤ ਕਰਨੀ ਚਾਹੀਦੀ ਹੈ।

31. **ਟੱਕਰਾਂ ਮਾਰਨਾ** (ਹਰ ਥਾਂ ਧੱਕੇ ਖਾਣੇ ਜਾਂ ਭਟਕਦੇ ਫਿਰਨਾ) : ਅੱਜ-ਕੱਲ੍ਹ ਦੇ ਪੜ੍ਹੇ ਲਿਖੇ ਨੌਜਵਾਨ ਨੌਕਰੀ ਲਈ ਥਾਂ-ਥਾਂ 'ਤੇ ਟੱਕਰਾਂ ਮਾਰਦੇ ਹਨ।

32. **ਤ੍ਰਾਹ ਨਿਕਲ਼ ਜਾਣਾ** (ਡਰ ਜਾਣਾ) : ਭਾਰਤੀ ਫ਼ੌਜਾਂ ਦੀ ਬਹਾਦਰੀ ਦੇਖ ਕੇ ਦੁਸ਼ਮਣ ਦੀਆਂ ਫ਼ੌਜਾਂ ਦਾ ਤ੍ਰਾਹ ਨਿਕਲ਼ ਗਿਆ।

33. **ਤਿਲ਼ ਧਰਨ ਨੂੰ ਥਾਂ ਨਾ ਹੋਣਾ** (ਬਹੁਤ ਭੀੜ ਹੋਣੀ) : ਮੇਲਿਆਂ ਦੇ ਦਿਨਾਂ ਵਿੱਚ ਧਾਰਮਿਕ ਸਥਾਨਾਂ 'ਤੇ ਤਿਲ਼ ਧਰਨ ਨੂੰ ਥਾਂ ਨਹੀਂ ਹੁੰਦੀ।

34. **ਦਸਾਂ-ਨਹੁੰਆਂ ਦੀ ਕਿਰਤ ਕਰਨਾ** (ਮਿਹਨਤ ਦੀ ਕਮਾਈ ਕਰਨੀ) : ਸਾਨੂੰ ਦਸਾਂ-ਨਹੁੰਆਂ ਦੀ ਕਿਰਤ ਕਰਨ ਵਿੱਚ ਹੀ ਵਿਸ਼ਵਾਸ ਰੱਖਣਾ ਚਾਹੀਦਾ ਹੈ।

35. **ਦਿਲ ਤੋੜ ਦੇਣਾ** (ਹੌਸਲਾ ਢਾਹੁਣਾ) : ਸਾਨੂੰ ਕਦੇ ਵੀ ਕਿਸੇ ਦਾ ਦਿਲ ਤੋੜ ਦੇਣ ਵਾਲ਼ਾ ਕੰਮ ਨਹੀਂ ਕਰਨਾ ਚਾਹੀਦਾ।

36. **ਨੱਕੋ-ਨੱਕ ਭਰ ਜਾਣਾ** (ਪੂਰੀ ਤਰ੍ਹਾਂ ਭਰਿਆ ਹੋਣਾ) : ਰਾਣੀ ਨੇ ਸ਼ਰਬਤ ਦਾ ਗਲਾਸ ਨੱਕੋ-ਨੱਕ ਭਰ ਦਿੱਤਾ।

37. **ਪਾਪੜ ਵੇਲਣਾ** (ਕਈ ਕੰਮ ਕਰਨੇ ਤੇ ਛੱਡਣੇ) : ਢਿੱਡ ਭਰਨ ਲਈ ਕਈ ਪਾਪੜ ਵੇਲਣੇ ਪੈਂਦੇ ਹਨ।

38. **ਫੁੱਲਾਂ ਵਾਂਗ ਰੱਖਣਾ** (ਬਹੁਤ ਲਾਡ ਨਾਲ਼ ਰੱਖਣਾ) : ਹਰ ਮਾਂ ਆਪਣੇ ਬੱਚਿਆਂ ਨੂੰ ਫੁੱਲਾਂ ਵਾਂਗ ਰੱਖਦੀ ਹੈ।

39. **ਬਲ਼ਦੀ 'ਤੇ ਤੇਲ ਪਾਉਣਾ** (ਗੁੱਸੇ ਨੂੰ ਹੋਰ ਵਧਾਉਣਾ) : ਬਲ਼ਦੀ 'ਤੇ ਤੇਲ ਪਾ ਕੇ ਮਾਹੌਲ ਨੂੰ ਹੋਰ ਖ਼ਰਾਬ ਨਹੀਂ ਕਰਨਾ ਚਾਹੀਦਾ।

40. **ਰਗ-ਰਗ ਤੋਂ ਜਾਣੂ ਹੋਣਾ** (ਕਿਸੇ ਦਾ ਪੂਰੀ ਤਰ੍ਹਾਂ ਭੇਤੀ ਹੋਣਾ, ਕਿਸੇ ਬਾਰੇ ਸਭ ਕੁਝ ਪਤਾ ਹੋਣਾ) : ਮੈਂ ਉਸ ਦੀ ਰਗ-ਰਗ ਤੋਂ ਜਾਣੂ ਹਾਂ। ਉਹ ਮੇਰੇ ਨਾਲ਼ ਧੋਖਾ ਨਹੀਂ ਕਰ ਸਕਦਾ।

41. **ਲਗਾਮ ਢਿੱਲੀ ਛੱਡ ਦੇਣੀ** (ਜ਼ਿਆਦਾ ਖੁੱਲ੍ਹ ਦੇਣੀ) : ਲਗਾਮ ਢਿੱਲੀ ਛੱਡ ਦੇਣ ਕਾਰਨ ਬੱਚੇ ਕੰਟਰੋਲ ਵਿੱਚ ਨਹੀਂ ਰਹਿੰਦੇ।

42. **ਲਾਹ-ਪਾਹ ਕਰਨੀ** (ਬੇਇੱਜ਼ਤੀ ਕਰਨੀ ਜਾਂ ਝਾੜ-ਚੰਬ ਕਰਨੀ) : ਉਸ ਦੀ ਲਾਹ-ਪਾਹ ਕਰਨ ਦਾ ਕੋਈ ਫ਼ਾਇਦਾ ਨਹੀਂ ਕਿਉਂਕਿ ਉਸ 'ਤੇ ਕਿਸੇ ਗੱਲ ਦਾ ਕੋਈ ਅਸਰ ਨਹੀਂ ਹੁੰਦਾ।

43. **ਵੱਡਾ ਜਿਗਰਾ ਕਰਨਾ** (ਦੁੱਖ ਜਾਂ ਨੁਕਸਾਨ ਦੀ ਪਰਵਾਹ ਨਾ ਕਰਨਾ, ਖੁੱਲ੍ਹ ਦੇਣੀ) : ਉਸ ਨੇ ਆਪਣੀ ਹਾਰ ਨੂੰ ਵੱਡਾ ਜਿਗਰਾ ਕਰ ਕੇ ਸਹਿਨ ਕਰ ਲਿਆ।

44. **ਵਾਹ ਲਾਉਣਾ** (ਕੋਸ਼ਿਸ਼ ਕਰਨੀ) : ਹਰਦੀਪ ਨੇ ਕਲਾਸ ਵਿੱਚੋਂ ਫ਼ਸਟ ਆਉਣ ਲਈ ਪੂਰੀ ਵਾਹ ਲਾ ਦਿੱਤੀ।

45. **ਵੇਖ ਕੇ ਭੁੱਖ ਲਹਿਣੀ** (ਬਹੁਤ ਸੋਹਣਾ ਲੱਗਣਾ, ਦੇਖਣ ਨੂੰ ਬਹੁਤ ਸੁੰਦਰ ਹੋਣਾ) : ਤਾਜ-ਮਹੱਲ ਏਨਾ ਸੋਹਣਾ ਬਣਿਆ ਹੋਇਆ ਹੈ ਕਿ ਉਸ ਨੂੰ ਦੇਖ ਕੇ ਤਾਂ ਭੁੱਖ ਲਹਿੰਦੀ ਹੈ।

## ਤੁਸੀਂ ਜਾਣ ਗਏ ਹੋਵੋਗੇ

- ਮੁਹਾਵਰਾ ਉਹ ਸ਼ਬਦ-ਸਮੂਹ ਹੈ ਜਿਸ ਦੇ ਸ਼ਬਦੀ ਤੇ ਭਾਵ-ਅਰਥ ਵਿੱਚ ਫ਼ਰਕ ਹੁੰਦਾ ਹੈ।
- ਮੁਹਾਵਰੇ ਦੀ ਵਰਤੋਂ ਇਸ ਦੇ ਭਾਵ-ਅਰਥ ਲਈ ਹੀ ਹੁੰਦੀ ਹੈ।
- ਮੁਹਾਵਰੇ ਦੇ ਅੰਤ 'ਤੇ ਆਉਣ ਵਾਲ਼ੇ ਸ਼ਬਦਾਂ ਦੇ ਅਖੀਰ ਵਿੱਚ ਣਾ, ਨਾ, ਣੀ, ਨੀ, ਣੇ, ਨੇ ਆਦਿ ਆਉਂਦਾ ਹੈ। ਇਹੀ ਮੁਹਾਵਰੇ ਦੀ ਪਛਾਣ ਹੈ।